ਜੀ-3
7/12

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ,**
**ਐਟ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ**
**(ਗ੍ਰਾਂਟ-1 ਸ਼ਾਖਾ)**

4592
7/12/2016

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ।

ਮੀਮੋ ਨੰ: 10/32-2014 ਸੈ.ਸਿ.(3)
ਮਿਤੀ, ਐਸ.ਏ.ਐਸ.ਨਗਰ: -6-12-16

**ਵਿਸ਼ਾ:** ਰਾਜ ਦੇ ਸਮੂਹ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਅਤੇ ਬੋਲਣ ਤੇ ਪਾਬੰਦੀ ਬਾਰੇ।

**ਹਵਾਲਾ:** ਇਸ ਦਫਤਰ ਦੇ ਪੱਤਰ ਨੰ: 10/32-2014 ਸੈ.ਸਿ.(3) ਮਿਤੀ 19-10-2016 ਅਤੇ 01-11-2016 ਦੇ ਹਵਾਲੇ ਵਿੱਚ।

ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ 01 ਨਵੰਬਰ ਨੂੰ ਪੰਜਾਬੀ ਸੂਬੇ ਦੀ 50 ਵੀਂ ਵਰ੍ਹੇ ਗੰਢ ਵੱਜੋ ਮਨਾਇਆ ਜਾ ਰਿਹਾ ਹੈ ਅਤੇ ਸਾਰੇ ਸਕੂਲਾਂ ਵਿੱਚ ਵੀ 1 ਨਵੰਬਰ ਨੂੰ ਪੰਜਾਬੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪ੍ਰੰਤੂ ਧਿਆਨ ਵਿੱਚ ਆਇਆ ਹੈ ਕਿ ਕਈ ਗੈਰ ਸਰਕਾਰੀ ਸਕੂਲਾਂ ਵਿੱਚ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਸਾਲ 2008 ਵਿੱਚ " ਪੰਜਾਬੀ ਦੀ ਪੜ੍ਹਾਈ ਲਈ ਇੱਕ ਲਾਜ਼ਮੀ ਵਿਸ਼ਾ " ਐਕਟ ਪਾਸ ਕਰਨ ਮਗਰੋਂ ਵਿਧਾਨਕ ਅਤੇ ਕਾਨੂੰਨੀ ਵਿਭਾਗ ਵੱਲੋਂ ਮਿਤੀ 22.10.2008 ਸਬੰਧੀ ਜਾਰੀ ਨੋਟੀਫਿਕੇਸ਼ਨ ਦੀ ਧਾਰਾ 3(1) ਅਨੁਸਾਰ ਪੰਜਾਬੀ ਵਿਸ਼ੇ ਦੀ ਪੜ੍ਹਾਈ ਨੂੰ ਪਹਿਲੀ ਤੋਂ ਦਸਵੀਂ ਸ਼੍ਰੇਣੀ ਤੱਕ ਲਾਜ਼ਮੀ ਕਰਾਰ ਦਿੱਤਾ ਗਿਆ ਹੈ ਅਤੇ ਧਾਰਾ 3(2) ਅਨੁਸਾਰ ਕੋਈ ਵੀ ਸੰਸਥਾ ਜਾਂ ਬੋਰਡ ਕਿਸੇ ਵੀ ਵਿਦਿਆਰਥੀ ਨੂੰ 10 ਵੀਂ ਦਾ ਸਰਟੀਫਿਕੇਟ ਜਾਰੀ ਨਹੀਂ ਕਰੇਗਾ, ਜਦੋਂ ਤੱਕ ਵਿਦਿਆਰਥੀ 10ਵੀਂ ਸ਼੍ਰੇਣੀ ਵਿੱਚ ਪੰਜਾਬੀ ਵਿਸ਼ਾ ਪਾਸ ਨਹੀਂ ਕਰੇਗਾ, ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਜਾ ਰਿਹਾ। ਇਸ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਸਕੂਲਾਂ ਦੀ ਚੈਕਿੰਗ ਕਰਕੇ ਰਿਪੋਰਟ ਕਰਨ ਲਈ ਲਿਖਿਆ ਗਿਆ ਸੀ ਪ੍ਰੰਤੂ ਆਪ ਵੱਲੋਂ ਰਿਪੋਰਟ ਅਜੇ ਤੱਕ ਨਹੀਂ ਭੇਜੀ ਗਈ।

ਹੁਣ ਆਪ ਨੂੰ ਮੁੜ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੇ ਜਿਲ੍ਹੇ ਅਧੀਨ ਆਉਂਦੇ ਸਮੂਹ ਗੈਰ ਸਰਕਾਰੀ ਸਕੂਲਾਂ ਦੀ ਚੈਕਿੰਗ ਕਰਕੇ ਪਹਿਲਾਂ ਭੇਜੇ ਪਰਫਾਰਮੇ ਅਨੁਸਾਰ ਰਿਪੋਰਟ 7 ਦਿਨਾਂ ਦੇ ਅੰਦਰ ਅੰਦਰ ਡਿਪਟੀ ਡਾਇਰੈਕਟਰ (ਪ੍ਰਾ.ਏ.ਸ.) ਦੀ email id. deputydirectorpas@yahoo.co.in ਤੇ ਭੇਜੀ ਜਾਵੇ। ਇਸ ਸਬੰਧੀ ਕਿਸੇ ਵੀ ਸਮੇਂ ਕਿਸੇ ਵੀ ਸਕੂਲ ਦੀ ਚੈਕਿੰਗ ਮੁੱਖ ਦਫਤਰ ਵੱਲੋਂ ਕੀਤੀ ਜਾ ਸਕਦੀ ਹੈ। ਜੇਕਰ ਕੋਈ ਵੀ ਸਕੂਲ ਦੋਸ਼ੀ ਪਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ। ਚੈਕਿੰਗ ਦੌਰਾਨ ਹੇਠ ਲਿਖੇ ਨੁਕਤੇ ਧਿਆਨ ਵਿੱਚ ਰੱਖੇ ਜਾਣ।

1. ਕੀ ਪੰਜਾਬੀ ਵਿਸ਼ੇ ਦੀਆਂ ਕਿਤਾਬਾਂ ਤੇ ਕਾਪੀਆਂ ਲਗਾਈਆਂ ਗਈਆਂ ਹਨ।
2. ਕੀ ਟਾਈਮ ਟੇਬਲ ਵਿੱਚ ਪੰਜਾਬੀ ਅਤੇ ਹਿੰਦੀ ਵਿਸ਼ੇ ਸ਼ਾਮਿਲ ਹਨ।
3. ਕੀ ਇਹਨਾਂ ਭਾਸ਼ਾਵਾ ਦੇ ਅਧਿਆਪਕ ਯੋਗਤਾ ਅਨੁਸਾਰ ਨਿਯੁਕਤ ਕੀਤੇ ਗਏ ਹਨ/ਪੜ੍ਹਾ ਰਹੇ ਹਨ।

ਡਿਪਟੀ ਡਾਇਰੈਕਟਰ (ਪ੍ਰਾ.ਏ.ਸ.)

ਪੜਤੇ ਜੀ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ:) ਬਠਿੰਡਾ।

ਪੱਤਰ ਨੰਬਰ:- ਬੀ-3/1( )2017/06. ਮਿਤੀ 04/01/2017

ਉਪਰੋਕਤ ਦਾ ਖੁਲਾਸਾ ਜ਼ਿਲ੍ਹੇ ਦੇ ਸਮੂਹ ਪ੍ਰਾਈਵੇਟ ਸਕੂਲ ਮੁਖੀਆਂ ਨੂੰ ਪਹਿਲਾਂ ਵੀ ਇਸ ਦਫ਼ਤਰ ਦੇ ਪੱਤਰ ਨੰਬਰ:- ਬੀ-3/1( )2016/15921/910 ਮਿਤੀ 16/12/16 ਨੂੰ ਭੇਜਿਆ ਗਿਆ ਸੀ ਅਤੇ ਸਮੂਹ ਇਸ ਦਫ਼ਤਰ ਵਿਖੇ ਮਿਤੀ 23/12/16 ਤੱਕ ਰਿਪੋਰਟ ਮੰਗੀ ਗਈ ਸੀ, ਪਰ ਅਜੇ ਤੱਕ ਸਿਰਫ਼ 10 ਸਕੂਲਾਂ ਵੱਲੋਂ ਹੀ ਭੇਜੀ ਗਈ ਹੈ। ਹੁਣ ਫਿਰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਧਾਰਾ 3(2) ਅਨੁਸਾਰ ਕੋਈ ਵੀ ਸੰਸਥਾ ਜਾਂ ਬੋਰਡ ਕਿਸੇ ਵੀ ਵਿਦਿਆਰਥੀ ਨੂੰ 10 ਵੀਂ ਦਾ ਸਰਟੀਫਿਕੇਟ ਜਾਰੀ ਨਹੀਂ ਕਰੇਗਾ, ਜਦੋਂ ਤੱਕ ਵਿਦਿਆਰਥੀ 10 ਵੀਂ ਸ਼੍ਰੇਣੀ ਵਿਚੋਂ ਪੰਜਾਬੀ ਵਿਸ਼ਾ ਪਾਸ ਨਹੀਂ ਕਰੇਗਾ। ਇਨ੍ਹਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਇਸ ਦਫ਼ਤਰ ਨੂੰ ਮਿਤੀ 10/01/2017 ਤੱਕ ਸਰਟੀਫਿਕੇਟ ਭੇਜਿਆ ਜਾਵੇ ਕਿ ਸਕੂਲ ਵਿਚੋਂ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਵਿਸ਼ਾ ਪੜ੍ਹਾਇਆ ਜਾਂਦਾ ਹੈ।

4/1/17

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ:)
ਬਠਿੰਡਾ। 4/1/17